# ਚੁੱਪ ਦੇ ਅੰਦਰ ਫੈਲਦੀ ਕਵਿਤਾ

ਡਾ.ਗੁਰਪਾਲ ਸਿੰਘ ਸੰਧੂ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਚੁੱਪ, ਭਾਸ਼ਾ ਅਤੇ ਕਵਿਤਾ ਦਾ ਰਿਸ਼ਤਾ ਆਦਿ-ਜੁਗਾਦਿ ਤੋਂ ਕਾਇਮ ਹੈ. ਹਾਲਾਂਕਿ ਚੁੱਪ ਦੀ ਵੀ ਇਕ ਜ਼ੁਬਾਨ ਹੁੰਦੀ ਹੈ, ਪਰ ਕਈ ਵੇਰ ਚੁੱਪ ਵਾਂਗ ਹੀ ਬਹੁ-ਪੱਧਰੀ ਅਤੇ ਬਹੁ-ਪਾਸਾਰੀ ਬਣ ਜਾਂਦੀ ਹੈ। ਇਹ ਜ਼ਬਾਨ ਰਹੱਸ ਦੀ ਗੱਲ ਰਹੱਸ ਰਾਹੀਂ ਹੀ ਕਰਨ ਲਗਦੀ ਹੈ, ਜਿਸਨੂੰ ਇਸਦਾ ਗਿਆਤਾ ਹੀ ਸਮਝ ਸਕਦਾ ਹੈ। ਪਰ ਕਾਵਿ-ਭਾਸ਼ਾ ਸਦਾ ਰਹੱਸ ਸਿਰਜਣ ਦੇ ਨਾਲ ਨਾਲ ਰਹੱਸ ਨੂੰ ਖੋਲ੍ਹਣ ਦਾ ਕੰਮ ਵੀ ਕਰਦੀ ਹੈ। ਇਸ ਕਰਕੇ ਕਵਿਤਾ ਦੀ ਭਾਸ਼ਾ  ਚੁੱਪ ਨੂੰ ਅੰਦਰ-ਬਾਹਰ ਫੋਲਣ ਤੋਂ ਬਾਅਦ ਉਸਨੂੰ ਬੋਲ ਵਿੱਚ ਬਦਲਣ ਦੀ ਸ਼ਕਤੀ ਰਖਦੀ ਹੈ।ਗੁਰਮੀਤ ਬਰਾੜ ਦੇ ਕਾਵਿ-ਸੰਗ੍ਰਹ 'ਚੁੱਪ ਤੋਂ ਮਗਰੋਂ' ਦੀਆਂ ਕਵਿਤਾਵਾਂ ਚੁੱਪ ਨੂੰ 'ਚੁੱਪ ਦੇ ਬੋਲ' ਵਿਚ ਬਦਲਣ ਦੇ ਸਫ਼ਰ ਦੀਆਂ ਕਵਿਤਾਵਾਂ ਹਨ। ਇਹ ਸਫ਼ਰ ਖਾਮੋਸ਼ ਪਈ ਹਕੀਕਤ ਨੂੰ ਵਿਅਕਤੀਗਤ ਦਾਇਰਿਆਂ ਵਿਚੋਂ ਕੱਢ ਕੇ ਲੋਕਾਈ ਦੇ ਸਾਹਮਣੇ ਲੈ ਕੇ ਆਉਂਦਾ ਹੈ।

ਅੱਜ ਬੱਦਲਾਂ ਨਾ.ਲ
ਸੌਂ ਕੇ ਆਈ ਸੀ
ਇੱਕ ਸੀਤ ਹਵਾ
ਖਹਿ ਕੇ
ਮੇਰੇ ਨਾਲ ਦੀ ਲੰਘ ਗਈ
ਜੇ ਹੱਥ ਲਾਉਂਦਾ ਤਾਂ
ਮੈਲੀ ਸੀ ਹੁੰਦੀ
ਚੁੱਪ ਰਹਿੰਦਿਆਂ
ਉਹਦੇ ਤੁਰ ਜਾਣ ਦਾ ਡਰ
ਪਰਾਇਆਂ ਦੇ ਬੋਲਾਂ ਨਾਲੋਂ
ਪਿਆਰਿਆਂ ਦੀ ਚੁੱਪ ਬੁਰੀ
ਮੈਨੂੰ ਧੂਅ ਕੇ ਖਿੱਚ ਲੈ
ਇਹਨਾਂ ਵਾ-ਵਰੋਲਿਆਂ 'ਚੋਂ
ਇਹ ਤੂਫਾਨ ਨਾ ਬਣ ਜਾਣ
ਕਿਤੇ
ਚੁੱਪ ਤੋਂ ਮਗਰੋਂ

ਇਸ ਲਈ ਚੁੱਪ ਨੂੰ ਸਹਿਣ ਤੋਂ ਜ਼ਿਆਦਾ ਜ਼ਰੂਰੀ ਉਸਨੂੰ ਸੰਚਾਰ ਦੀ ਪ੍ਰਕਿਰਿਆ ਵਿੱਚ ਪਾਉਂਦਾ ਹੈ। ਇਹ ਕਵਿਤਾਵਾਂ ਇਸੇ ਰਾਹੇ ਹੀ ਪੈਂਦੀਆਂ ਹਨ।

ਗੁਰਮੀਤ ਬਰਾੜ ਦੀਆਂ ਕਵਿਤਾਵਾਂ ਦੀ ਖ਼ੂਬਸੂਰਤੀ ਹੀ ਇਹ ਹੈ ਕਿ ਉਹ ਕਾਵਿ-ਭਾਸ਼ਾ ਨੂੰ ਬਿੰਬਾਂ ਨਾਲ ਲੱਦਣ ਦੀ ਥਾਂ, ਉਸਨੂੰ ਖ਼ਿਆਲ ਨਾਲ ਭਰਪੂਰ ਕਰਕੇ ਇਜ਼ਹਾਰ ਦੇ ਰਾਹੇ ਤੋਰਦਾ ਹੈ। ਇਸੇ ਵਾਸਤੇ ਉਸਦੀ ਕਵਿਤਾ ਸਮਕਾਲੀ ਸਮਾਜਿਕ ਯਥਾਰਥ ਅਤੇ ਪੰਜਾਬੀ ਰਹਿਤਲ ਵਿਚ ਅਨਿਆਂ ਅਤੇ ਬੇਤਰਤੀਬੀਆਂ ਨਾਲ ਵਾਪਰੀ ਖਾਮੋਸ਼ੀ ਨੂੰ ਬਰਦਾਸ਼ਤ ਕਰਨ ਦੀ ਥਾਂ ਉਸਨੂੰ ਆਪਣੀ ਆਵਾਜ਼ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਹਰ ਇੱਕ ਕਵਿਤਾ ਖਾਮੋਸ਼ ਸਥਿਤੀਆਂ ਤੋਂ ਤੁਰ ਕੇ ਬੋਲਣਹਾਰ ਮੰਜ਼ਰਾਂ ਦੀ ਤਸਵੀਰਕਸ਼ੀ ਕਰਦੀ ਹੈ। ਇਹ ਹੀ ਉਸਦੀ ਸਹਿਜ ਕਾਵਿਕਤਾ ਦਾ ਆਧਾਰ ਹੈ।ਮੈਂ ਉਸਦੀ ਨਵੇਂ ਰੰਗ ਦੀ ਕਵਿਤਾ ਨੂੰ ਜੀ ਆਇਆਂ ਕਹਿੰਦਾ ਹੋਇਆ ਉਸਤੋਂ ਹੋਰ ਵੀ ਸੰਜੀਦਾ ਖਾਮੋਸ਼ੀ ਨੂੰ ਆਵਾਜ਼ ਦੇਣ ਦੀ ਆਸ ਕਰਦਾ ਹਾਂ।